AEC Australian Electoral Commission

Punjabi / ਪੰਜਾਬੀ

# ਰੈਫਰੈਂਡਮ (ਜਨਮਤ ਸੰਗ੍ਰਹਿ)

ਸੰਘੀ ਜਨਮਤ ਸੰਗ੍ਰਹਿ ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਬਾਰੇ ਸਵਾਲ ਵਾਸਤੇ ਇੱਕ ਰਾਸ਼ਟਰੀ ਵੋਟ ਹੈ। ਸਾਡੇ ਦੇਸ਼ ਦਾ ਸੰਚਾਲਨ ਕਿਵੇਂ ਕੀਤਾ ਜਾਂਦਾ ਹੈ, ਸੰਵਿਧਾਨ ਇਸ ਦਾ ਮੂਲ ਦਸਤਾਵੇਜ਼ ਹੈ। 1901 ਤੋਂ ਲੈ ਕੇ ਹੁਣ ਤੱਕ 44 ਜਨਮਤ ਸੰਗ੍ਰਹਿ ਹੋ ਚੁੱਕੇ ਹਨ। ਸਾਨੂੰ ਇਸ ਨੂੰ ਕੀਤੇ ਨੂੰ ਕਾਫ਼ੀ ਸਮਾਂ ਹੋ ਗਿਆ ਹੈ - ਆਖਰੀ ਜਨਮਤ ਸੰਗ੍ਰਹਿ 20 ਸਾਲ ਤੋਂ ਵੀ ਵੱਧ ਪਹਿਲਾਂ 1999 ਵਿੱਚ ਹੋਇਆ ਸੀ।

## ਕਿਸ ਨੂੰ ਵੋਟ ਪਾਉਣੀ ਚਾਹੀਦੀ ਹੈ

18 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਸਾਰੇ ਨਾਗਰਿਕਾਂ ਨੂੰ ਜਨਮਤ ਸੰਗ੍ਰਹਿ ਵਿੱਚ ਵੋਟ ਪਾਉਣੀ ਚਾਹੀਦੀ ਹੈ। ਤੁਹਾਡਾ ਨਾਮ ਦਰਜ ਹੋਣਾ ਲਾਜ਼ਮੀ ਹੈ ਅਤੇ ਤੁਹਾਨੂੰ ਆਪਣੇ ਨਾਮਾਂਕਣ ਵੇਰਵਿਆਂ ਨੂੰ ਅੱਪਡੇਟ ਕਰਨਾ ਚਾਹੀਦਾ ਹੈ ਜੇਕਰ ਤੁਸੀਂ:

- ਹਾਲ ਹੀ ਵਿੱਚ ਤੁਹਾਡਾ ਨਾਮ ਜਾਂ ਪਤਾ ਬਦਲਿਆ ਹੈ
- 18 ਸਾਲ ਦੇ ਹੋਏ ਹੋ, ਜਾਂ
- ਆਸਟ੍ਰੇਲੀਆ ਦੇ ਨਾਗਰਿਕ ਬਣੇ ਹੋ।

**aec.gov.au** 'ਤੇ ਜਾਓ ਜਾਂ ਕਿਸੇ AEC ਦਫਤਰ ਤੋਂ ਇੱਕ ਨਾਮਾਂਕਣ ਫਾਰਮ ਲਓ।

## ਕਦੋਂ ਅਤੇ ਕਿੱਥੇ ਵੋਟ ਪਾਉਣੀ ਹੈ

ਵੋਟਾਂ ਵਾਲੇ ਦਿਨ ਸ਼ਨੀਵਾਰ ਨੂੰ ਦੇਸ਼ ਭਰ ਵਿੱਚ ਸਵੇਰੇ 8 ਵਜੇ ਤੋਂ ਸ਼ਾਮ 6 ਵਜੇ ਤੱਕ ਚੋਣ ਸਥਾਨ ਖੁੱਲ੍ਹੇ ਰਹਿਣਗੇ।

ਮੋਬਾਈਲ ਚੋਣ ਟੀਮਾਂ ਵੋਟਾਂ ਵਾਲੇ ਦਿਨ ਤੋਂ ਪਹਿਲਾਂ ਦੇ ਹਫ਼ਤਿਆਂ ਵਿੱਚ ਬਹੁਤ ਸਾਰੇ ਦੂਰ-ਦੁਰਾਡੇ ਇਲਾਕਿਆਂ ਦਾ ਦੌਰਾ ਕਰਨਗੀਆਂ।

ਜੇਕਰ ਤੁਸੀਂ ਉਸ ਦਿਨ ਵੋਟ ਪਾਉਣ ਨਹੀਂ ਜਾ ਸਕਦੇ ਹੋ, ਤਾਂ ਤੁਸੀਂ ਵਿਅਕਤੀਗਤ ਤੌਰ 'ਤੇ ਜਾਂ ਡਾਕ ਦੁਆਰਾ ਅਗੇਤੀ ਵੋਟ ਪਾਉਣ ਦੇ ਯੋਗ ਹੋ ਸਕਦੇ ਹੋ।

ਵਧੇਰੇ ਵੇਰਵੇ **aec.gov.au** 'ਤੇ ਜਨਮਤ ਸੰਗ੍ਰਹਿ ਦੇ ਨੇੜੇ ਉਪਲਬਧ ਹੋਣਗੇ।


## ਵੋਟ ਕਿਵੇਂ ਪਾਉਣੀ ਹੈ

ਜਨਮਤ ਸੰਗ੍ਰਹਿ ਵਿੱਚ ਵੋਟ ਪਾਉਣਾ ਚੋਣਾਂ ਨਾਲੋਂ ਵੱਖਰਾ ਹੁੰਦਾ ਹੈ। ਤੁਹਾਨੂੰ ਸਿਰਫ਼ ਇੱਕ ਬੈਲਟ ਪੇਪਰ ਭਰਨ ਦੀ ਲੋੜ ਹੁੰਦੀ ਹੈ।

ਬੈਲਟ ਪੇਪਰ ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਬਾਰੇ ਇੱਕ ਸਵਾਲ ਦਿਖਾਏਗਾ। ਵੋਟ ਪਾਉਣ ਲਈ, ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਪ੍ਰਵਾਨ ਕਰਦੇ ਹੋ ਤਾਂ 'yes' ਲਿਖੋ ਜਾਂ ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਨਹੀਂ ਦਿੰਦੇ ਹੋ ਤਾਂ 'no' ਲਿਖੋ।

ਚੋਣ ਸਥਾਨ 'ਤੇ, ਤੁਸੀਂ ਇੱਕ ਚੋਣ ਅਧਿਕਾਰੀ, ਦੋਸਤ, ਜਾਂ ਪਰਿਵਾਰਕ ਮੈਂਬਰ ਨੂੰ ਰਸਮੀ ਵੋਟ ਕਿਵੇਂ ਪਾਉਣੀ ਹੈ ਦੇ ਬਾਰੇ ਮਦਦ ਲਈ ਕਹਿ ਸਕਦੇ ਹੋ।


**ਜੇਕਰ ਤੁਸੀਂ ਕੋਈ ਗਲਤੀ ਕਰਦੇ ਹੋ ਤਾਂ ਚਿੰਤਾ ਨਾ ਕਰੋ।**
ਇੱਕ ਹੋਰ ਬੈਲਟ ਪੇਪਰ ਮੰਗੋ ਅਤੇ ਦੁਬਾਰਾ ਸ਼ੁਰੂ ਕਰੋ।




ਬੈਲਟ ਪੇਪਰ ਦਾ ਨਮੂਨਾ

ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਦਿੰਦੇ ਹੋ ਤਾਂ **YES** ਲਿਖੋ

ਜਾਂ




ਬੈਲਟ ਪੇਪਰ ਦਾ ਨਮੂਨਾ

ਜੇਕਰ ਤੁਸੀਂ ਪ੍ਰਸਤਾਵਿਤ ਤਬਦੀਲੀ ਨੂੰ ਮਨਜ਼ੂਰੀ ਨਹੀਂ ਦਿੰਦੇ ਹੋ ਤਾਂ **NO** ਲਿਖੋ


ਤੁਹਾਡਾ ਜਵਾਬ ਅੰਗਰੇਜ਼ੀ ਵਿੱਚ ਲਿਖਿਆ ਜਾਣਾ ਚਾਹੀਦਾ ਹੈ।

## ਨਤੀਜਾ ਕਿਵੇਂ ਤੈਅ ਹੁੰਦਾ ਹੈ

ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਨੂੰ 'ਦੋਹਰੇ ਬਹੁਮਤ' (double majority ) ਦੁਆਰਾ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ - ਜੋ ਕਿ :

- ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਤੋਂ ਪਾਈਆਂ ਗਈਆਂ ਰਸਮੀ ਵੋਟਾਂ ਦਾ ਰਾਸ਼ਟਰੀ ਬਹੁਮਤ (50% ਤੋਂ ਵੱਧ), ਅਤੇ
- ਬਹੁਗਿਣਤੀ ਰਾਜਾਂ (ਛੇ ਰਾਜਾਂ ਵਿੱਚੋਂ ਘੱਟੋ-ਘੱਟ ਚਾਰ) ਵਿੱਚ ਜ਼ਿਆਦਾਤਰ ਰਸਮੀ ਵੋਟਾਂ (50% ਤੋਂ ਵੱਧ)।


**ਇੱਕ ਜਨਮਤ ਸੰਗ੍ਰਹਿ ਪਾਸ ਹੋ ਜਾਂਦਾ ਹੈ, ਜਦੋਂ**




ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੇ ਮਤਦਾਤਾ ਰਾਸ਼ਟਰੀ ਬਹੁਮਤ (ਅੱਧੇ ਤੋਂ ਵੱਧ) **YES** ਵਿੱਚ ਵੋਟ ਪਾਉਂਦੇ ਹਨ।

ਛੇ ਵਿੱਚੋਂ ਘੱਟੋ-ਘੱਟ ਚਾਰ ਰਾਜਾਂ ਵਿੱਚ ਬਹੁਗਿਣਤੀ (ਅੱਧੇ ਤੋਂ ਵੱਧ) ਮਤਦਾਤਾ **YES** ਵਿੱਚ ਵੋਟ ਪਾਉਂਦੇ ਹਨ।

**ਇੱਕ ਜਨਮਤ ਸੰਗ੍ਰਹਿ ਪਾਸ ਨਹੀਂ ਹੁੰਦਾ, ਜਦੋਂ**




ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਦੇ ਮਤਦਾਤਾ ਰਾਸ਼ਟਰੀ ਬਹੁਮਤ (ਅੱਧੇ ਤੋਂ ਵੱਧ) **NO** ਵਿੱਚ ਵੋਟ ਪਾਉਂਦੇ ਹਨ।

ਘੱਟੋ-ਘੱਟ ਤਿੰਨ ਰਾਜਾਂ ਵਿੱਚ ਬਹੁਗਿਣਤੀ (ਅੱਧੇ ਤੋਂ ਵੱਧ) ਵੋਟਰ **NO** ਵਿੱਚ ਵੋਟ ਪਾਉਂਦੇ ਹਨ।

**ਨਤੀਜਾ ਮੰਨਣਾ ਪਵੇਗਾ।** ਇਸਦਾ ਮਤਲਬ ਹੈ ਕਿ ਆਸਟ੍ਰੇਲੀਆ ਦੀ ਸਰਕਾਰ ਨੂੰ ਮਤਦਾਤਾਵਾਂ ਦੇ ਫੈਸਲੇ ਨੂੰ ਮੰਨਣਾ ਚਾਹੀਦਾ ਹੈ।

## ਜਨਮਤ ਸੰਗ੍ਰਹਿ ਵਿੱਚੋਂ ਮਿਥਿਆ ਨੂੰ ਕੱਢਣਾ

**ਮਿੱਥ:** ਕਿਸੇ ਵੀ ਵਿਸ਼ੇ ਜਾਂ ਕਾਨੂੰਨ ਬਾਰੇ ਜਨਮਤ ਸੰਗ੍ਰਹਿ ਕਰਵਾਇਆ ਜਾ ਸਕਦਾ ਹੈ।
**ਤੱਥ:** ਉਹ ਸਿਰਫ਼ ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਕਰਨ ਲਈ ਰੱਖੇ ਗਏ ਹਨ।

**ਮਿੱਥ:** 2017 ਦਾ ਵਿਆਹ ਕਾਨੂੰਨ ਸਰਵੇਖਣ ਇੱਕ ਜਨਮਤ ਸੰਗ੍ਰਹਿ ਜਾਂ ਰਾਏਸ਼ੁਮਾਰੀ ਸੀ।
**ਤੱਥ:** ਇਹ ਇੱਕ ਡਾਕ ਸਰਵੇਖਣ ਸੀ, ਅਤੇ ਇਸ ਵਿਚ ਹਿੱਸਾ ਲੈਣਾ ਤੁਹਾਡੀ ਮਰਜ਼ੀ ਤੇ ਸੀ।

**ਮਿੱਥ:** ਜਨਮਤ ਸੰਗ੍ਰਹਿ ਵਿੱਚ ਵੋਟ ਪਾਉਣਾ ਲਾਜ਼ਮੀ ਨਹੀਂ ਹੈ
**ਤੱਥ:** ਜੇਕਰ ਤੁਸੀਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਆਸਟ੍ਰੇਲੀਆ ਦੇ ਨਾਗਰਿਕ ਹੋ ਤਾਂ ਤੁਹਾਨੂੰ ਵੋਟ ਪਾਉਣੀ ਲਾਜ਼ਮੀ ਹੈ।

**ਮਿੱਥ:** ਮੈਨੂੰ ਵੱਖਰੇ ਤੌਰ 'ਤੇ ਨਾਮਜ਼ਦ ਹੋਣ ਦੀ ਲੋੜ ਹੈ.
**ਤੱਥ:** ਜੇਕਰ ਤੁਸੀਂ ਚੋਣਾਂ ਲਈ ਨਾਮਜ਼ਦ ਹੋ, ਤਾਂ ਤੁਸੀਂ ਜਨਮਤ ਸੰਗ੍ਰਹਿ ਲਈ ਵੀ ਨਾਮਜ਼ਦ ਹੋ। ਬਸ ਯਕੀਨੀ ਬਣਾਓ ਕਿ ਤੁਹਾਡੇ ਵੇਰਵੇ ਤਾਜ਼ਾ ਹਨ।

**ਮਿੱਥ:** ਮੈਂ ਸਿਰਫ਼ ਡਾਕ ਰਾਹੀਂ ਵੋਟ ਪਾ ਸਕਦਾ ਹਾਂ।
**ਤੱਥ:** ਤੁਸੀਂ ਵੋਟਾਂ ਵਾਲੇ ਦਿਨ ਵੋਟ ਪਾ ਸਕਦੇ ਹੋ ਜਾਂ ਸਮੇਂ ਦੇ ਨੇੜੇ aec.gov.au 'ਤੇ ਜਾ ਕੇ ਵਿਅਕਤੀਗਤ ਤੌਰ 'ਤੇ ਜਾਂ ਡਾਕ ਦੁਆਰਾ ਅਗੇਤੀ ਵੋਟ ਪਾਉਣ ਲਈ ਆਪਣੀ ਯੋਗਤਾ ਦੀ ਜਾਂਚ ਕਰ ਸਕਦੇ ਹੋ।

**ਮਿੱਥ:** ਇੱਕ ਜਨਮਤ ਸੰਗ੍ਰਹਿ ਨੂੰ ਪਾਸ ਹੋਣ ਲਈ 70% ਜਾਂ ਵੱਧ 'yes' ਵੋਟਾਂ ਦੀ ਲੋੜ ਹੁੰਦੀ ਹੈ।
**ਤੱਥ:** ਇਸ ਨੂੰ ਸਾਰੇ ਰਾਜਾਂ ਅਤੇ ਪ੍ਰਦੇਸ਼ਾਂ ਦੇ 50% ਤੋਂ ਵੱਧ ਮਤਦਾਤਾਵਾਂ, ਅਤੇ ਬਹੁਗਿਣਤੀ ਰਾਜਾਂ (ਛੇ ਰਾਜਾਂ ਵਿੱਚੋਂ ਘੱਟੋ-ਘੱਟ ਚਾਰ) ਵਿੱਚ 50% ਤੋਂ ਵੱਧ ਮਤਦਾਤਾਵਾਂ ਵਲੋਂ ਮਨਜ਼ੂਰ ਕੀਤਾ ਜਾਣਾ ਚਾਹੀਦਾ ਹੈ। ਇਹ 'ਦੋਹਰਾ ਬਹੁਮਤ' (double majority') ਹੈ।

## AEC ਦੀ ਭੂਮਿਕਾ

AEC ਇੱਕ ਸੁਤੰਤਰ ਅਤੇ ਨਿਰਪੱਖ ਕਾਨੂੰਨੀ ਅਥਾਰਟੀ ਹੈ।

ਜਨਮਤ ਸੰਗ੍ਰਹਿ ਵਿੱਚ ਇਸਦੀ ਭੂਮਿਕਾ ਨਾਮਾਂਕਣ, ਚੋਣ ਅਤੇ ਸੂਚਨਾ ਸੇਵਾਵਾਂ ਪ੍ਰਦਾਨ ਕਰਨਾ ਹੈ।

ਜਦੋਂ ਕਿ AEC ਆਸਟ੍ਰੇਲੀਆ ਦੇ ਪਰਿਵਾਰਾਂ ਨੂੰ yes/no ਪਰਚਾ ਪ੍ਰਦਾਨ ਕਰੇਗਾ, ਇਸ ਉਤਪਾਦ ਵਿੱਚ ਜਾਣਕਾਰੀ ਸੰਸਦ ਦੁਆਰਾ ਤਿਆਰ ਕੀਤੀ ਜਾਂਦੀ ਹੈ। ਪਰਚੇ ਨੂੰ ਭੇਜਣ ਤੋਂ ਇਲਾਵਾ, AEC ਦੀ ਸੰਵਿਧਾਨ ਵਿੱਚ ਪ੍ਰਸਤਾਵਿਤ ਤਬਦੀਲੀ ਲਈ ਜਾਂ ਇਸਦੇ ਵਿਰੁੱਧ ਮੁਹਿੰਮਾਂ ਵਿੱਚ ਕੋਈ ਸ਼ਮੂਲੀਅਤ ਨਹੀਂ ਹੈ।

## ਰੁਕੋ ਅਤੇ ਸਰੋਤ 'ਤੇ ਵਿਚਾਰ ਕਰੋ

ਜਨਮਤ ਸੰਗ੍ਰਹਿ ਵਿੱਚ ਤੁਹਾਡੀ ਵੋਟ ਆਸਟ੍ਰੇਲੀਆ ਲਈ ਇੱਕ ਮਹੱਤਵਪੂਰਨ ਫੈਸਲਾ ਲੈਣ ਵਿੱਚ ਮਦਦ ਕਰੇਗੀ।

ਜਨਮਤ ਸੰਗ੍ਰਹਿ ਦੀ ਮਿਆਦ ਦੇ ਦੌਰਾਨ, ਤੁਹਾਨੂੰ ਅਜਿਹੀ ਜਾਣਕਾਰੀ ਮਿਲ ਸਕਦੀ ਹੈ ਜੋ ਜਾਣਬੁੱਝ ਕੇ ਗੁੰਮਰਾਹ ਕਰਨ ਵਾਲੀ ਬਣਾਈ ਗਈ ਹੈ।

ਰੁਕੋ, ਜਾਂਚੋ ਅਤੇ ਜੋ ਤੁਸੀਂ ਦੇਖਦੇ, ਸੁਣਦੇ ਜਾਂ ਪੜ੍ਹਦੇ ਹੋ, ਉਸ ਦੇ ਸਰੋਤ ਤੇ ਵਿਚਾਰ ਕਰੋ। ਇਸ ਜਨਮਤ ਸੰਗ੍ਰਹਿ ਦੌਰਾਨ ਗਲਤ ਜਾਣਕਾਰੀ ਦੁਆਰਾ ਗੁੰਮਰਾਹ ਨਾ ਹੋਵੋ।

ਸਰੋਤ ਦੀ ਜਾਂਚ ਕਰਨ ਦੇ ਸੁਝਾਵਾਂ ਦੇ ਲਈ **aec.gov.au** 'ਤੇ ਜਾਓ।

ਇਸ ਆਗਾਮੀ ਜਨਮਤ ਸੰਗ੍ਰਹਿ ਦੇ ਦੌਰਾਨ

**ਸਰੋਤ ਦੀ ਜਾਂਚ ਕਰੋ**

**aec.gov.au/translated** 1300 720 153

AEC Australian Electoral Commission

AEC23/1804

ਚੋਣ ਕਮਿਸ਼ਨਰ, ਕੈਨਬਰਾ ਦੁਆਰਾ ਅਧਿਕਾਰਤ
Authorised by the Electoral Commissioner, Canberra